ਨੰ: 21/47/2009-5ਸਿ5/1210

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਰਾਜ ਦੇ ਸਮੂਹ ਸਿਵਲ ਸਰਜਨ, ਪ੍ਰਿੰਸੀਪਲ ਮੈਡੀਕਲ/ਡੈਂਟਲ ਕਾਲਜ,
ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ : 24 ਜੂਨ, 2010

ਵਿਸ਼ਾ:- **ਰਾਜ ਸਰਕਾਰ ਦੇ ਕਰਮਚਾਰੀਆਂ/ਅਧਿਕਾਰੀਆਂ/ਪੈਨਸ਼ਨਰਾਂ ਅਤੇ ਉਹਨਾਂ ਦੇ ਆਸ਼ਰਿਤਾਂ ਨੂੰ ਮੈਡੀਕਲ ਖਰਚੇ ਦੀ ਪ੍ਰਤੀ-ਪੂਰਤੀ ਕਰਨ ਸਬੰਧੀ ਪਾਲਿਸੀ ਅਧੀਨ ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਨ ਕਰਨ ਸਬੰਧੀ ।**

*******

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੇ ਸਮੇਂ-ਸਮੇਂ ਜਾਰੀ ਹੋਏ ਜ਼ਾਬਤੀ ਪੱਤਰਾਂ ਵੱਲ ਆਪ ਜੀ ਦਾ ਧਿਆਨ ਦਿਵਾਉਂਦੇ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤੀ ਅਧਿਕਾਰਾਂ ਨੂੰ ਹੋਰ ਵਿਕੇਂਦਰੀਕਰਨ ਕਰਨ ਦਾ ਮਾਮਲਾ ਪਿਛਲੇ ਕੁੱਝ ਸਮੇਂ ਤੋਂ ਸਰਕਾਰ ਦੇ ਵਿਚਾਰ ਅਧੀਨ ਰਿਹਾ ਹੈ, ਜਿਸ ਨੂੰ ਗਹੁ ਨਾਲ ਵਿਚਾਰਨ ਉਪਰੰਤ ਮੈਡੀਕਲ ਬਿੱਲਾਂ ਦੀ ਮਨਜ਼ੂਰੀ ਲਈ ਹੇਠ ਲਿਖੇ ਅਨੁਸਾਰ ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਨ ਕਰਨ ਦਾ ਫੈਸਲਾ ਕੀਤਾ ਗਿਆ ਹੈ:-

| | | |
|---|---|---|
| (ੳ) | **ਮੈਡੀਕਲ ਬਿੱਲਾਂ ਦੀ ਵਿੱਤੀ ਮਨਜ਼ੂਰੀ ਸਮਰੱਥ ਅਧਿਕਾਰੀ** | **ਮੈਡੀਕਲ ਬਿੱਲਾਂ ਦੀ ਮਨਜ਼ੂਰੀ ਲਈ ਸ਼ਰਤ** |
| (1) | ਸਬੰਧਤ ਵਿਭਾਗ ਦਾ ਜ਼ਿਲ੍ਹਾ ਅਧਿਕਾਰੀ (ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰ ਲਈ ਜਿਨ੍ਹਾਂ ਦੇ ਜ਼ਿਲ੍ਹਾ ਪੱਧਰ ਤੇ ਦਫਤਰ ਹਨ) | 50,000/-(ਪੰਜਾਹ ਹਜ਼ਾਰ) ਰੁਪਏ ਤੱਕ ਪ੍ਰਤੀ ਕੇਸ । |
| (2) | ਜ਼ਿਲ੍ਹੇ ਦਾ ਸਿਵਲ ਸਰਜਨ (ਕੇਵਲ ਅਜਿਹੇ ਪੈਨਸ਼ਨਰਾਂ ਲਈ, ਜਿਸ ਮਹਿਕਮੇ ਦਾ ਦਫਤਰ ਜ਼ਿਲ੍ਹਾ ਪੱਧਰ ਤੇ ਨਹੀਂ ਹੈ) | 50,000/- (ਪੰਜਾਹ ਹਜ਼ਾਰ) ਰੁਪਏ ਤੱਕ ਪ੍ਰਤੀ ਕੇਸ । |

(3) ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਦੇ ਦਫਤਰਾਂ ਦੇ ਮੁਖੀ (ਚੰਡੀਗੜ੍ਹ ਵਿਖੇ ਤੈਨਾਤ ਕਰਮਚਾਰੀਆਂ ਅਤੇ ਰਿਟਾਇਰਮੈਂਟ ਤੋਂ ਬਾਅਦ ਚੰਡੀਗੜ੍ਹ ਰਹਿ ਰਹੇ ਪੈਨਸ਼ਨਰਾਂ ਲਈ) — 50,000/- (ਪੰਜਾਹ ਹਜ਼ਾਰ) ਰੁਪਏ ਤੱਕ ਪ੍ਰਤੀ-ਕੇਸ ।

(4) ਵਿਭਾਗਾਂ ਦੇ ਮੁਖੀ — ਪੂਰੇ ਅਧਿਕਾਰ ।

(5) ਪ੍ਰਬੰਧਕੀ ਸਕੱਤਰ — ਪੂਰੇ ਅਧਿਕਾਰ ।

(ਅ) <u>ਸਰਕਾਰੀ ਹਸਪਤਾਲਾਂ ਦੇ ਕੇਸਾਂ ਵਿੱਚ ਮੈਡੀਕਲ ਬਿੱਲਾਂ ਨੂੰ ਵੈਰੀਫਾਈ ਕਰਨ ਦੇ ਅਧਿਕਾਰ</u>

(1) ਸਬੰਧਤ ਡਾਕਟਰ — 25,000/- (ਪੱਚੀ ਹਜ਼ਾਰ) ਰੁਪਏ ਤੱਕ ਪ੍ਰਤੀ-ਕੇਸ ।

(2) ਸਿਵਲ ਸਰਜਨ (ਜ਼ਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ) — 1,00,000/-(ਇੱਕ ਲੱਖ) ਰੁਪਏ ਤੱਕ ਪ੍ਰਤੀ-ਕੇਸ ।

(3) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ (ਜ਼ਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ ਜਾਂ ਬਾਕੀ ਕੇਸਾਂ ਵਿੱਚ ਡਾਇਰੈਕਟੋਰੇਟ ਵਿਖੇ ਸਥਾਪਤ ਮੈਡੀਕਲ ਬੋਰਡ ਦੀ ਸਿਫਾਰਸ਼ ਤੇ) — ਪੂਰੇ ਅਧਿਕਾਰ

(ੲ) **<u>ਪੰਜਾਬ ਰਾਜ/ਚੰਡੀਗੜ੍ਹ ਦੇ ਪ੍ਰਾਈਵੇਟ ਹਸਪਤਾਲਾਂ ਲਈ ਮੈਡੀਕਲ ਬਿੱਲਾਂ ਨੂੰ ਵੈਰੀਫਾਈ ਕਰਨ ਦੇ ਅਧਿਕਾਰ</u>**

ਪੰਜਾਬ ਰਾਜ ਅਤੇ ਚੰਡੀਗੜ੍ਹ ਵਿਖੇ ਸਥਿਤ ਹਸਪਤਾਲਾਂ ਵਿੱਚ ਇਲਾਜ ਲਈ ਜ਼ਿਲ੍ਹੇ ਦੇ ਸਿਵਲ ਸਰਜਨ ਜ਼ਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ 25,000/- ਰੁਪਏ ਤੱਕ ਦੇ ਬਿੱਲ ਵੈਰੀਫਾਈ ਕਰ ਸਕਣਗੇ। 25,000/- ਰੁਪਏ ਤੋਂ ਉੱਪਰ ਦੇ ਸਾਰੇ ਮੈਡੀਕਲ ਬਿੱਲ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵੱਲੋਂ ਜ਼ਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ ਵੈਰੀਫਾਈ ਕੀਤੇ ਜਾਣਗੇ (ਹੈੱਡਕੁਆਰਟਰ ਦੇ ਕਰਮਚਾਰੀਆਂ ਲਈ ਡਾਇਰੈਕਟੋਰੇਟ ਵਿਖੇ ਵੱਖਰਾ ਮੈਡੀਕਲ ਬੋਰਡ ਸਥਾਪਿਤ ਕੀਤਾ ਹੋਇਆ ਹੈ) ।

(ਸ) **<u>ਰਾਜ ਤੋਂ ਬਾਹਰ ਦੇ ਪ੍ਰਾਈਵੇਟ ਹਸਪਤਾਲਾਂ ਲਈ ਮੈਡੀਕਲ ਬਿੱਲਾਂ ਨੂੰ ਵੈਰੀਫਾਈ ਕਰਨ ਦੇ ਅਧਿਕਾਰ</u>**

ਰਾਜ ਤੋਂ ਬਾਹਰ ਦੇ ਸਾਰੇ ਪ੍ਰਾਈਵੇਟ ਹਸਪਤਾਲਾਂ ਦੇ ਮੈਡੀਕਲ ਬਿੱਲ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵੈਰੀਫਾਈ ਕਰਨਗੇ ।

2 ਉਪਰੋਕਤ ਡੈਲੀਗੇਸ਼ਨ ਅਨੁਸਾਰ ਮੈਡੀਕਲ ਖਰਚੇ ਦੇ ਬਿੱਲ ਸਰਕਾਰ ਵੱਲੋਂ ਸਮੇਂ ਸਮੇਂ ਜਾਰੀ ਕੀਤੀਆਂ ਗਈਆਂ ਹਦਾਇਤਾਂ/ਵਿੱਤੀ ਰੂਲਜ਼ ਅਨੁਸਾਰ ਚੈੱਕ ਕਰਨ ਦੀ ਜਿੰਮੇਵਾਰੀ ਸਬੰਧਤ ਅਧਿਕਾਰੀ ਦੀ ਹੋਵੇਗੀ । ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਕੇਸਾਂ ਵਿੱਚ ਪੰਜਾਬ ਸਰਵਿਸਜ਼ (ਮੈਡੀਕਲ ਅਟੈਂਡੈਂਸ) ਰੂਲਜ਼, 1940 ਅਤੇ ਸਬੰਧਤ ਹਦਾਇਤਾਂ ਵਿੱਚ ਢਿੱਲ ਦੇਣ ਦੀ ਲੋੜ ਹੋਵੇ, ਅਜਿਹੇ ਕੇਸ ਸਿਹਤ ਵਿਭਾਗ ਅਤੇ ਵਿੱਤ ਵਿਭਾਗ ਦੀ ਸਲਾਹ ਨਾਲ ਹੀ ਨਿਪਟਾਏ ਜਾਣਗੇ ।

3. ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ:ਵਿ:ਪੱਤਰ ਨੰ: 5/133/2009-ਐਮਐਫਸੀ.1/387, ਮਿਤੀ 11.6.2010 ਰਾਹੀਂ ਪ੍ਰਾਪਤ ਹੋਈ ਸਹਿਮਤੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ ।

4. ਇਹ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ ।

5. ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਨੋਟੀਫਿਕੇਸ਼ਨਾਂ ਸਾਰੇ ਸਬੰਧਤਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਜੋ ਮੈਡੀਕਲ ਬਿਲ ਇਹਨਾਂ ਹਦਾਇਤਾਂ ਅਨੁਸਾਰ ਡਾਇਰੈਕਟੋਰੇਟ ਸਿਹਤ ਕੋਲ ਜਾਣੇ ਹਨ, ਉਹ ਸਬੰਧਤ ਵਿਭਾਗ ਦੇ ਅਧਿਕਾਰੀ ਰਾਹੀਂ ਘੱਲੇ ਜਾਣ ।

ਵਿਸ਼ਵਾਸਪਾਤਰ,

(ਵਿਨੋਦ ਕੁਮਾਰ ਭੱਲਾ)
ਵਧੀਕ ਸਕੱਤਰ, ਸਿਹਤ ।

---

ਪਿ:ਅੰ:ਨੰ: 21/47/2009-5ਸਿ5/1211 ਮਿਤੀ, ਚੰਡੀਗੜ੍ਹ :24 ਜੂਨ, 2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਗ੍ਰਹਿ ਸਕੱਤਰ, ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ;
2) ਮਹਾਂਲੇਖਾਕਾਰ, (ਲੇਖਾ ਅਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ ;
3) ਮਹਾਂਲੇਖਾਕਾਰ, (ਆਡਿਟ) ਪੰਜਾਬ, ਚੰਡੀਗੜ੍ਹ
4) ਅਕਾਊਂਟੈਂਟ ਜਨਰਲ (ਰੈਜ਼ੀਡੈਂਟ), ਪੰਜਾਬ, ਪੰਜਾਬ ਭਵਨ, ਨਵੀਂ ਦਿੱਲੀ ।
5) ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ।
6) ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ, ਪੰਜਾਬ, ਚੰਡੀਗੜ੍ਹ ।
7) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ ।

(ਵਿਨੋਦ ਕੁਮਾਰ ਭੱਲਾ)
ਵਧੀਕ ਸਕੱਤਰ ਸਿਹਤ ।

ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਨੂੰ ਉਹਨਾਂ ਦੇ ਅੰ:ਵਿ:ਪੱ:ਨੰ: 5/133/2009-5ਐਫ.ਪੀ.1/387, ਮਿਤੀ 11.6.2010 ਦੇ ਸਨਮੁੱਖ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

(ਵਿਨੋਦ ਕੁਮਾਰ ਭੱਲਾ) 24/6/10
ਵਧੀਕ ਸਕੱਤਰ, ਸਿਹਤ ।

ਸੇਵਾ ਵਿਖੇ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ,
(ਵਿੱਤ ਪ੍ਰਸੋਨਲ-1 ਸ਼ਾਖਾ) ।

ਅੰ:ਵਿ:ਪੱ:ਨੰ: 21/47/2009-5ਸਿ5/1212 ਮਿਤੀ, ਚੰਡੀਗੜ੍ਹ : 24 ਜੂਨ 2010